# ਵਰਜੀਨੀਆ 'ਚ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਪੰਨਿਆਂ 'ਤੇ ਅੰਕਿਤ ਗੁਰਬਾਣੀ ਨਾਲ ਪਾਹੁਲ ਤਿਆਰ ਕਰਣ ਦੇ ਜ਼ੁਰਮ 'ਚ ਗਿਆਨੀ ਕੁਲਦੀਪ ਸਿੰਘ ਅਤੇ 4 ਹੋਰ ਸਿੱਖ ਛੇਕੇ ਗਏ, ਵਾਹ ਹੈ ਨਾ ਹਨੇਰਗਰਦੀ !

ਅੰਮ੍ਰਿਤਸਰ 4 June 2016: ਕੌਮ ਵੱਲੋਂ ਛੇਕੇ ਗਏ ਬਾਦਲ ਦੇ ਜੁੱਤੀ ਚੱਟ ਪੱਪੂਆਂ ਨੇ ਵਰਜੀਨੀਆ 'ਚ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਪੰਨਿਆਂ 'ਤੇ ਅੰਕਿਤ ਗੁਰਬਾਣੀ ਨਾਲ ਤਿਆਰ ਕੀਤੀ ਪਾਹੁਲ ਦੇ ਜ਼ੁਰਮ 'ਚ ਗਿਆਨੀ ਕੁਲਦੀਪ ਸਿੰਘ, ਗੁਰਦੀਪ ਸਿੰਘ, ਅਮਰਜੀਤ ਸਿੰਘ, ਰਾਜਿੰਦਰ ਸਿੰਘ, ਅਮਰਜੀਤ ਸਿੰਘ ਨਰੂਲਾ ਨੂੰ ਸਿੱਖ ਪੰਥ ਵਿੱਚੋਂ ਛੇਕਣ ਦੇ ਹੁਕਮ ਦਿੱਤੇ ਹਨ। ਇਨ੍ਹਾਂ ਪੱਪੂਆਂ ਨੂੰ ਪੁੱਛਦਾ ਕੌਣ ਹੈ, ਜੋ ਮਰਜ਼ੀ ਫੈਸਲਾ ਕਰੀ ਜਾਣ, ਗੁਰੂ ਨੂੰ ਸਮਰਪਿਤ ਸਿੱਖਾਂ ਦੀ ਜੁੱਤੀ ਦੀ ਨੋਕ 'ਤੇ ਇਹੋ ਜਿਹੇ ਫੈਸਲੇ ! Who cares...

ਗਿਆਨੀ ਕੁਲਦੀਪ ਸਿੰਘ ਅਤੇ ਨਾਲ ਦੇ ਸਾਥੀ ਸਿੱਖਾਂ ਨੇ ਜੋ ਗੁਰਮਤਿ ਫੈਸਲੇ ਦ੍ਰਿੜਤਾ ਦਿਖਾਈ ਹੈ, ਉਹ ਕਾਬੀਲੇ ਤਾਰੀਫ ਹੈ। ਇਹ ਹੈ ਕਥਨੀ ਤੇ ਕਰਨੀ ਦੀ ਇੱਕ ਸੁਰਤਾ।

- *ਸੰਪਾਦਕ ਖ਼ਾਲਸਾ ਨਿਊਜ਼*

ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋਣ ਕਾਰਣ ਮਿਲੀ ਸਜ਼ਾ, ਵਾਹ! ਹੈ ਨਾ ਹਨੇਰਗਰਦੀ! ਐਤਵਾਰ, 5 ਜੂਨ, 2016

'ਜਥੇਦਾਰਾਂ' ਦੀ ਅਕਾਲ ਤਖ਼ਤ ਸਕੱਤਰੇਤ ਵਿਖੇ ਮੀਟਿੰਗ

## ਵਰਜੀਨੀਆ ਵਿਚ ਹੋਏ ਅੰਮ੍ਰਿਤ ਸੰਚਾਰ ਮਾਮਲੇ 'ਚ ਸ਼ਾਮਲ ਵਿਅਕਤੀਆਂ ਨੂੰ ਪੰਥ ਵਿਚੋਂ ਛੇਕਿਆ



ਅੰਮ੍ਰਿਤਸਰ, 4 ਜੂਨ (ਚਰਨਜੀਤ ਸਿੰਘ): ਤਖ਼ਤਾਂ ਦੇ ਜਥੇਦਾਰਾਂ ਨੇ ਅੱਜ ਅਕਾਲ ਤਖ਼ਤ ਸਕੱਤਰੇਤ ਵਿਖੇ ਮੀਟਿੰਗ ਕਰ ਕੇ ਵਰਜੀਨੀਆ ਵਿਚ ਹੋਏ ਅੰਮ੍ਰਿਤ ਸੰਚਾਰ 'ਤੇ ਇਤਰਾਜ਼ ਕਰਦਿਆਂ ਇਸ ਮਾਮਲੇ ਵਿਚ ਸ਼ਾਮਲ ਵਿਅਕਤੀਆਂ ਨੂੰ ਪੰਥ ਵਿਚੋਂ ਛੇਕ ਦਿਤਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵੈਸਾਖੀ ਨੂੰ ਜੋ ਖ਼ਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਅੰਮ੍ਰਿਤ-ਸੰਚਾਰ ਦੀ ਮਰਿਆਦਾ ਆਰੰਭ ਕੀਤੀ (ਭਾਵੇਂ ਗੁਰਦਵਾਰਾ ਸੁਧਾਰ ਲਹਿਰ ਦੇ ਦਿਨਾਂ ਤੋਂ ਹੀ ਮਤਭੇਦ ਚਲ ਰਹੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਜੋ ਮਰਿਆਦਾ ਚਲਾਈ ਸੀ, ਉਹ ਮਗਰੋਂ ਬਦਲ ਦਿਤੀ ਗਈ) ਵਰਜੀਨੀਆ (ਅਮਰੀਕਾ) ਵਿਚ 15 ਅਪ੍ਰੈਲ 2016 ਨੂੰ ਪੰਥ ਦੋਖੀਆਂ ਨੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਵਾਨਤ ਪੰਥਕ ਮਰਿਆਦਾ ਤੋਂ ਉਲਟ ਜਾ ਕੇ ਅੰਮ੍ਰਿਤ-ਸੰਚਾਰ ਦੀ ਨਵੀਂ ਬਖੇੜੀ (ਵਿਵੇਕੀ) ਮਰਿਆਦਾ ਸ਼ੁਰੂ ਕਰ ਦਿਤੀ ਜਿਸ ਸਾਰੇ ਮਤਭੇਦ ਪੈਦਾ ਹੋ ਗਏ ਸਨ।

ਪੁਜੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਅਕਾਲ ਤਖ਼ਤ ਸਾਹਿਬ ਵਲੋਂ ਇਸ ਸੰਜੀਦਾ ਮਸਲੇ 'ਤੇ ਵਿਚਾਰ ਕਰ ਕੇ ਦੋਸ਼ੀਆਂ ਨੂੰ ਅੱਜ ਮਿਤੀ 22 ਜੇਠ ਸੰਮਤ ਨਾਨਕਸ਼ਾਹੀ 548 ਮੁਤਾਬਕ 4 ਜੂਨ 2016 ਤਕ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਸੀ। ਭਾਈ ਸੁਰਿੰਦਰ ਸਿੰਘ ਨੇ ਸਿੱਖ ਗੁਰਦੁਆਰਾ ਵਾਸ਼ਿੰਗਟਨ ਡੀ ਸੀ ਵਿਖੇ ਸੰਗਤ ਵਿਚ ਹਾਜ਼ਰ ਹੋ ਕੇ ਮੁਆਫ਼ੀ ਮੰਗੀ ਹੈ ਅਤੇ ਮੁਆਫ਼ੀਨਾਮਾ ਅਕਾਲ ਤਖ਼ਤ ਵਿਖੇ ਭੇਜਿਆ। ਇਸ ਲਈ ਸੁਰਿੰਦਰ ਸਿੰਘ ਨਾਮ ਦਾ ਵਿਅਕਤੀ 10 ਜੂਨ ਤਕ ਅਕਾਲ ਤਖ਼ਤ ਵਿਖੇ ਹਾਜ਼ਰ ਹੋ ਕੇ ਆਪਣਾ ਸਪੱਸ਼ਟੀਕਰਨ ਦੇਵੇ। ਨਾ ਹਾਜ਼ਰ ਹੋਣ ਦੀ ਸੂਰਤ ਵਿਚ ਜੋ ਇਸ ਨਾਲ ਸਬੰਧਤ ਵਿਅਕਤੀਆਂ ਪ੍ਰਤੀ ਜੋ ਹੁਕਮਨਾਮਾ ਜਾਰੀ ਕੀਤਾ ਗਿਆ ਹੈ ਉਹ ਸੁਰਿੰਦਰ ਸਿੰਘ ਉਪਰ ਵੀ ਲਾਗੂ ਹੋ ਜਾਵੇਗਾ। ਰਜਿੰਦਰ ਸਿੰਘ ਨੇ ਆਪਣੀ ਈ-ਮੇਲ ਭੇਜੀ ਹੈ ਕਿ ਮੈਂ ਪੰਜ ਪਿਆਰਿਆਂ ਵਿਚ ਸ਼ਾਮਲ ਨਹੀਂ ਸੀ ਪਰ ਇਸ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਗ੍ਰੰਥੀ ਸਿੰਘ ਦੀ ਡਿਊਟੀ ਨਿਭਾਈ ਸੀ ਜਿਸ ਲਈ ਇਹ ਬਰਾਬਰ ਦਾ ਦੋਸ਼ੀ ਹੈ। ਪੰਜ ਤਖ਼ਤ ਸਾਹਿਬਾਨ ਦੇ ਜਥੇਦਾਰ ਨੇ ਦੀਰਘ ਵਿਚਾਰਾਂ ਕਰਨ ਉਪਰੰਤ ਇਹ ਫ਼ੈਸਲਾ ਲਿਆ ਹੈ ਕਿ ਇਹ ਕੁਲਦੀਪ ਸਿੰਘ, ਗੁਰਦੀਪ ਸਿੰਘ, ਅਮਰਜੀਤ ਸਿੰਘ, ਰਜਿੰਦਰ ਸਿੰਘ, ਅਮਰਜੀਤ ਸਿੰਘ (ਨਰੂਲਾ) ਸਿੱਖੀ ਦੇ ਕੱਟੜ ਦੁਸ਼ਮਣ ਹਨ। ਇਨ੍ਹਾਂ ਨੂੰ ਖ਼ਾਲਸਾ ਪੰਥ ਵਿਚੋਂ ਛੇਕਿਆ ਜਾਂਦਾ ਹੈ। ਇਨ੍ਹਾਂ ਨਾਲ ਸੰਸਾਰ ਭਰ ਵਿਚ ਰਹਿੰਦਿਆਂ ਹਰ ਇਕ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਰੋਟੀ-ਬੇਟੀ ਦੀ ਕੋਈ ਸਾਂਝ ਨਾ ਰੱਖਣ ਅਤੇ ਇਨ੍ਹਾਂ ਨਾਲ ਧਾਰਮਕ, ਆਰਥਕ, ਸਮਾਜਕ, ਰਾਜਨੀਤਿਕ ਆਦਿ ਕਿਸੇ ਤਰ੍ਹਾਂ ਦਾ ਵੀ ਕੋਈ ਮੇਲ-ਮਿਲਾਪ ਨਾ ਰੱਖਿਆ ਜਾਵੇ। ਇਨ੍ਹਾਂ ਨਾਲ ਸਾਂਝ ਰੱਖਣ ਵਾਲਾ ਪੰਥ ਦੋਖੀ ਤਨਖ਼ਾਹੀਆ ਸਮਝਿਆ ਜਾਵੇਗਾ। ਇਹ ਅਕਾਲ ਤਖ਼ਤ ਦਾ ਹੁਕਮਨਾਮਾ ਹੈ ਜੋ ਮੰਨੇਗਾ ਉਸ ਦਾ ਲੋਕ-ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।

### ਭਾਈ ਬਲਬੀਰ ਸਿੰਘ ਨੂੰ ਲਾਈ ਧਾਰਮਕ ਸਜ਼ਾ

ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਬੀਰ ਸਿੰਘ ਜੋ ਪਿਛਲੇ ਸਮੇਂ ਢੌਂਗੀ, ਪਾਖੰਡੀ, ਪੰਥ-ਦੋਖੀ ਆਸ਼ੂਤੋਸ਼ ਦੇ ਸਾਹਮਣੇ ਬੈਠ ਕੇ ਉਸ ਦੀ ਵਡਿਆਈ ਕਰਦਿਆਂ ਗੁਰਬਾਣੀ ਦੇ ਸ਼ਬਦ ਗਾਇਨ ਕਰ ਕੇ ਗਲਤੀ ਕੀਤੀ ਅਤੇ ਸਿੱਖ ਪੰਥ ਦੇ ਮਾਣ ਤੇ ਮਰਿਆਦਾ ਨੂੰ ਠੇਸ ਪਹੁੰਚਾਈ ਜਿਸ 'ਤੇ ਅਕਾਲ ਤਖ਼ਤ ਵਲੋਂ ਇਨ੍ਹਾਂ 'ਤੇ ਕਾਰਵਾਈ ਕਰ ਕੇ ਕਮੇਟੀ ਬਣਾਈ ਗਈ ਜਿਸ ਨੇ ਸਾਰੇ ਕੇਸ ਦੀ ਘੋਖ ਪੜਤਾਲ ਕਰ ਕੇ ਅਪਣੀ ਰੀਪੋਰਟ ਦਿਤੀ ਹੈ। ਸਬ-ਕਮੇਟੀ ਦੀ ਰੀਪੋਰਟ ਦੇ ਆਧਾਰ 'ਤੇ ਇਨ੍ਹਾਂ ਦੇ ਮੁਆਫ਼ੀਨਾਮੇ ਨੂੰ ਪ੍ਰਵਾਨ ਕਰਦਿਆਂ ਹੋਇਆਂ ਧਾਰਮਕ ਸੇਵਾ ਲਾਈ ਜਾਂਦੀ ਹੈ ਕਿ ਇਹ ਆਪ ਇਕ ਸਹਿਜ ਪਾਠ ਕਰਨ ਜਾਂ ਸੁਣਨ ਅਤੇ ਦਸ ਦਿਨ ਗੁਰੂ ਦੇ ਲੰਗਰ ਵਿਚ ਬਰਤਨਾਂ ਦੀ ਸੇਵਾ ਕਰਨ। ਉਪਰੰਤ 100 ਰੁਪਏ ਦੀ ਦੇਗ, 100 ਰੁਪਇਆ ਗੁਰੂ ਦੀ ਗੋਲਕ ਵਿਚ ਪਾ ਕੇ ਖਿਮਾ ਜਾਚਨਾ ਦੀ ਅਰਦਾਸ ਕਰਾਉਣ। ਸੇਵਾ ਪੂਰੀ ਹੋਣ 'ਤੇ ਰੀਪੋਰਟ ਅਕਾਲ ਤਖ਼ਤ ਵਿਖੇ ਭੇਜਣ।




Virginia Gyani Kuldeep Singh and others excommunicated
Source: www.KhalsaNews.org
Date: June 5, 2016